ਵਲੋਂ

ਡਾਇਰੈਕਟਰ ਭੌਂ ਰਿਕਾਰਡ, ਪੰਜਾਬ,
ਕਪੂਰਥਲਾ ਰੋਡ, ਜਲੰਧਰ।

ਸੇਵਾ ਵਿਖੇ

ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ।

ਨੰ: ਲ-1/7-23/4/ਆਰ.ਓ/ 2822-41 ਮਿਤੀ 26/3/10

ਵਿਸ਼ਾ:- ਮਾਲ ਰਿਕਾਰਡ ਦੀਆਂ ਕੰਮਪਿਊਟਰਾਈਜ਼ਡ ਨਕਲਾਂ ਜਾਰੀ ਕਰਨ ਦੀ ਫੀਸ ਲੈਣ ਸਬੰਧੀ।

ਕੰਮਪਿਊਟਰ ਰਾਹੀਂ ਜਮਾਂਬੰਦੀ ਦੀ ਤਸਦੀਕ ਸ਼ੁਦਾ ਨਕਲ ਜੋ ਕਿ ਫਰਦ ਕੇਂਦਰ ਤੋਂ ਜਾਰੀ ਹੁੰਦੀ ਹੈ, ਉਸਦੀ ਸਰਕਾਰੀ ਫੀਸ ਲੈਣ ਲਈ ਕੇਸ ਵਿਚਾਰਿਆ ਗਿਆ ਹੈ। ਇਸ ਬਾਰੇ ਘੋਖ ਕਰਨ ਤੋਂ ਪਾਇਆ ਗਿਆ ਕਿ ਕੰਮਪਿਊਟਰ ਵਿਚ ਜਮਾਂਬੰਦੀ ਦੇ ਡਾਟੇ ਦਾ ਅੰਦਰਾਜ ਕਰਨ ਤੋਂ ਬਾਦ ਉਸਦੀ ਅਪਡੇਸ਼ਨ ਕੰਮਪਿਊਟਰ ਵਿਚ ਵੱਖ-2 ਮਡਿਊਲ ਰਾਹੀਂ ਕੀਤੀ ਜਾਂਦੀ ਹੈ। ਇਸ ਉਪਰੰਤ ਉਸਦਾ ਪ੍ਰਿੰਟ ਆਊਟ ਲੈਕੇ ਉਸਦੀ ਪਹਿਲੇ ਅਤੇ ਦੂਜੇ ਲੈਵਲ ਦੀ ਪੜਤਾਲ ਕਰਨ ਤੋਂ ਬਾਦ ਜਨਤਕ ਪੜਤਾਲ ਕੀਤੀ ਜਾਂਦੀ ਹੈ। ਪੜਤਾਲ ਉਪਰੰਤ ਪਾਈਆਂ ਗਈਆਂ ਤ੍ਰੁਟੀਆਂ ਨੂੰ ਕੰਮਪਿਊਟਰ ਵਿਚ ਠੀਕ ਕੀਤਾ ਜਾਂਦਾ ਹੈ ਅਤੇ ਉਸ ਉਪਰੰਤ ਜਮਾਂਬੰਦੀ ਡਾਟੇ ਨੂੰ ਫਰੀਜ਼ (freeze) ਕਰ ਲਿਆ ਜਾਣਾ ਹੁੰਦਾ ਹੈ ਅਤੇ ਉਸਦੀ ਇੱਕ ਹਾਰਡ ਕਾਪੀ (hard copy) ਸਦਰ ਰਿਕਾਰਡ ਰੂਮ ਵਿਚ ਜਮਾਂ ਕਰਵਾਈ ਜਾਣੀ ਹੁੰਦੀ ਹੈ, ਜਿਸ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਜਮਾਂਬੰਦੀ ਦਾ ਉਹ ਡਾਟਾ ਜੋ ਕੰਮਪਿਊਟਰ ਵਿਚ ਫਰੀਜ਼ (freeze) ਹੈ, ਅਸਲ ਡਾਟਾ ਹੈ। ਇਸ ਲਈ ਜੋ ਕੰਮਪਿਊਟਰਾਈਜ਼ਡ ਡਾਟੇ ਤੋਂ ਤਿਆਰ ਕਰਕੇ ਕੰਮਪਿਊਟਰਾਈਜ਼ਡ ਨਕਲ ਜਾਰੀ ਕੀਤੀ ਜਾਂਦੀ ਹੈ, ਉਹ ਅਸਲ ਡਾਟੇ ਤੋਂ ਹੀ ਜਾਰੀ ਕੀਤੀ ਮੰਨੀ ਜਾਵੇਗੀ।

2. ਇਸ ਲਈ ਆਪਦਾ ਧਿਆਨ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ: ਜੀ.ਐਸ.ਆਰ.41/ਪੀ.ਏ.17/1887/ਐਸ.155/ਏਐਸਡੀ(17)2003, ਮਿਤੀ 7-8-2003 ਵੱਲ ਦਿਵਾਇਆ ਜਾਂਦਾ ਹੈ, ਜਿਸ ਰਾਹੀਂ ਸਰਕਾਰ ਵਲੋਂ ਮਾਲ ਰਿਕਾਰਡ ਦੀਆਂ ਨਕਲਾਂ ਜਾਰੀ ਕਰਨ ਸਬੰਧੀ ਫੀਸ ਨਿਰਧਾਰਿਤ ਕੀਤੀ ਹੋਈ ਹੈ। ਇਸ ਨੋਟੀਫਿਕੇਸ਼ਨ ਅਨੁਸਾਰ ਮਾਲ ਰਿਕਾਰਡ ਦੀਆਂ ਨਕਲਾਂ ਦੀ ਫੀਸ 20/-ਰੁਪਏ ਪ੍ਰਤੀ ਪੇਜ਼ ਹੈ। ਇਸ ਫੀਸ ਦਾ ਜ਼ਿਕਰ ਪੰਜਾਬ ਲੈਂਡ ਰਿਕਾਰਡ ਮੈਨੂਅਲ ਦੇ ਪੈਰਾ 3.48 ਵਿਚ ਵੀ ਦਰਜ ਹੈ।

3. ਇਸ ਵਾਸਤੇ ਬੇਨਤੀ ਕੀਤੀ ਜਾਂਦੀ ਹੈ ਕਿ ਆਮ ਜਨਤਾ ਨੂੰ ਮਾਲ ਰਿਕਾਰਡ ਦੀਆਂ ਕੰਮਪਿਊਟਰਾਈਜ਼ਡ ਨਕਲਾਂ ਜਾਰੀ ਕਰਨ ਲਈ ਲੋੜੀਂਦੀ ਫੀਸ ਸਰਕਾਰ ਦੇ ਉਕਤ ਨੋਟੀਫਿਕੇਸ਼ਨ ਅਨੁਸਾਰ 20/-ਰੁਪਏ ਪ੍ਰਤੀ ਕੰਮਪਿਊਟਰ ਪ੍ਰਿੰਟ ਪੇਜ ਨਾਲ ਚਾਰਜ ਕੀਤਾ ਜਾਵੇ।

ਡਾਇਰੈਕਟਰ ਭੌਂ ਰਿਕਾਰਡ, ਪੰਜਾਬ।

ਨੰ: ਲ-1/7-23/4/ਆਰ.ਓ./ 2842 ਮਿਤੀ 26/3/10

ਇਸਦਾ ਇੱਕ ਉਤਾਰਾ ਵਿੱਤੀ ਕਮਿਸ਼ਨਰ, ਮਾਲ, ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਭੋਂ ਰਿਕਾਰਡ, ਪੰਜਾਬ।

ਨੰ: ਲ-1/7-23/4/ਆਰ.ਓ./ 2843 ਮਿਤੀ 26/3/10

ਇਸਦਾ ਇੱਕ ਉਤਾਰਾ ਮੈਂਬਰ ਸੈਕਟਰੀ, ਪੰਜਾਬ ਲੈਂਡ ਰਿਕਾਰਡ ਸੁਸਾਇਟੀ, ਜਲੰਧਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

SRO

ਡਾਇਰੈਕਟਰ ਭੋਂ ਰਿਕਾਰਡ, ਪੰਜਾਬ।

26/3/10

ਨੰ: ਲ-1/7-23/4/ਆਰ.ਓ./ 2842 ਮਿਤੀ 26/3/10

ਇਸਦਾ ਇੱਕ ਉਤਾਰਾ ਵਿੱਤੀ ਕਮਿਸ਼ਨਰ, ਮਾਲ, ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਭੌਂ ਰਿਕਾਰਡ, ਪੰਜਾਬ।

ਨੰ: ਲ-1/7-23/4/ਆਰ.ਓ./ 2843 ਮਿਤੀ 26/3/10

ਇਸਦਾ ਇੱਕ ਉਤਾਰਾ ਮੈਂਬਰ ਸੈਕਟਰੀ, ਪੰਜਾਬ ਲੈਂਡ ਰਿਕਾਰਡ ਸੁਸਾਇਟੀ, ਜਲੰਧਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

SRO

ਡਾਇਰੈਕਟਰ ਭੌਂ ਰਿਕਾਰਡ, ਪੰਜਾਬ।

26/3/10